**ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸ ਪਰੈਪਰੇਟਰੀ ਇੰਸਟੀਚਿਊਟ,**

**ਸੈਕਟਰ-77, ਐੱਸ. ਏ. ਐੱਸ. ਨਗਰ (ਮੋਹਾਲੀ)**

# ਪ੍ਰੈੱਸ ਨੋਟ

ਮਿਤੀ 13.01.2011, ਐੱਸ. ਏ. ਐੱਸ. ਨਗਰ, - ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਜ਼ ਪਰੈਪਰੇਟਰੀ ਇੰਸਟੀਚਿਊਟ, ਸੈਕਟਰ-77, ਐੱਸ. ਏ. ਐੱਸ. ਨਗਰ ਵਿੱਚ ਦਾਖਲੇ ਸਬੰਧੀ ਲਏ ਜਾਣ ਵਾਲੇ ਐਂਟਰੈਂਸ ਟੈੱਸਟ ਲਈ ਬਿਨੈ-ਫਾਰਮ ਮੰਗੇ ਗਏ ਸਨ। ਇਸ ਸਬੰਧੀ ਖੇਤਰ ਵਿੱਚੋਂ ਕਾਫੀ ਬਿਨੈ-ਫਾਰਮ ਪ੍ਰਾਪਤ ਹੋਏ ਹਨ। ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰਾਪਤ ਹੋਏ ਬਿਨੈ-ਫਾਰਮਾਂ ਨੂੰ ਚੈੱਕ ਕਰਕੇ ਰੋਲ ਨੰਬਰ ਜਲਦ ਹੀ ਭੇਜਣ ਸਬੰਧੀ ਕਾਰਵਾਈ ਕਰ ਰਿਹਾ ਹੈ। ਇਸ ਤੋਂ ਇਲਾਵਾ ਇਹ ਰੋਲ ਨੰਬਰ ਬੋਰਡ ਦੀ ਵੈੱਬਸਾਈਟ **www.pseb.ac.in** ਉੱਤੇ ਵੀ ਮਿਤੀ 16 ਜਨਵਰੀ, 2011 ਤੋਂ ਬਾਅਦ ਵੇਖੇ ਜਾ ਸਕਦੇ ਹਨ। ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਜ਼ ਪਰੈਪਰੇਟਰੀ ਇੰਸਟੀਚਿਊਟ ਵੱਲੋਂ ਕਿਸੇ ਕਾਰਨ ਬਿਨੈ-ਫਾਰਮ ਭਰਨ ਤੋਂ ਵਾਂਝੇ ਰਹਿ ਗਏ ਉਮੀਦਵਾਰਾਂ ਲਈ ਆਖ਼ਰੀ ਮੌਕਾ ਦਿੰਦੇ ਹੋਏ ਬਿਨੈ-ਫਾਰਮ ਭਰਨ ਦੀ ਮਿਤੀ 21 ਜਨਵਰੀ, 2011 ਤੱਕ ਵਧਾਈ ਜਾਂਦੀ ਹੈ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ-ਫਾਰਮ ਕਿਸੇ ਹਾਲਤ ਵਿੱਚ ਵੀ ਵਿਚਾਰੇ ਨਹੀਂ ਜਾਣਗੇ।

ਡਾਇਰੈਕਟਰ

ਏ.ਐਫ.ਪੀ.ਆਈ.